## ਸੂਰ ਪਾਲਣ ਦੇ ਉੱਦਮੀਆਂ ਲਈ 30 ਲੱਖ ਰੁਪਏ ਤੱਕ ਦੀ ਸਬਸਿਡੀ ਉਪਲਬਧ

ਡੇਅਰੀ ਅਤੇ ਮੁਰਗੀ ਪਾਲਣ ਨੂੰ ਉਤਸ਼ਾਹਿਤ ਕਰਨ ਤੋਂ ਇਲਾਵਾ, ਭਾਰਤ ਸਰਕਾਰ ਦਾ ਰਾਸ਼ਟਰੀ ਪਸ਼ੂ ਧਨ ਮਿਸ਼ਨ (ਐਨ ਐਲ ਐਮ) ਦੇਸ਼ ਵਿੱਚ ਸੂਰ ਪਾਲਣ ਨੂੰ ਵੀ ਹੁਲਾਰਾ ਦੇ ਰਿਹਾ ਹੈ। ਪਸ਼ੂ ਧਨ ਅਤੇ ਮੁਰਗੀ ਪਾਲਣ ਦੇ ਨਸਲ ਸੁਧਾਰ 'ਤੇ ਆਪਣੇ ਉਪ-ਮਿਸ਼ਨ ਦੇ ਤਹਿਤ, ਐਨ ਐਲ ਐਮ ਸੂਰ ਪਾਲਣ ਲਈ ਉੱਦਮੀਆਂ ਨੂੰ ਪੂੰਜੀ ਲਾਗਤ ਉੱਤੇ 50% (30 ਲੱਖ ਰੁਪਏ ਤੱਕ ਸੀਮਤ) ਸਬਸਿਡੀ ਦੇ ਰਿਹਾ ਹੈ।

ਇਹ ਸਕੀਮ 2021-22 ਵਿੱਤੀ ਸਾਲ ਵਿੱਚ ਪੂਰੇ ਭਾਰਤ ਵਿੱਚ ਲਾਗੂ ਕੀਤੀ ਗਈ ਸੀ। ਇਹ ਸਕੀਮ ਰਾਜ ਦੇ ਪਸ਼ੂ ਪਾਲਣ ਵਿਭਾਗ ਦੀ ਰਾਜ ਲਾਗੂਕਰਨ ਏਜੰਸੀ ਅਤੇ ਭਾਰਤ ਸਰਕਾਰ ਦੇ ਪਸ਼ੂ ਪਾਲਣ ਅਤੇ ਡੇਅਰੀ ਵਿਭਾਗ ਰਾਹੀਂ ਲਾਗੂ ਕੀਤੀ ਜਾ ਰਹੀ ਹੈ।

### ਸਕੀਮ ਦੇ ਉਦੇਸ਼

- ਸੂਰ ਪਾਲਣ ਵਿੱਚ ਉੱਦਮਤਾ ਅਤੇ ਨਿਵੇਸ਼ ਨੂੰ ਉਤਸ਼ਾਹਿਤ ਕਰਨਾ।
- ਫਾਰਵਰਡ ਅਤੇ ਬੈਕਵਰਡ ਲਿੰਕੇਜ (ਅੱਗੇ-ਪਿੱਛੇ ਦੀ ਕੜੀ) ਦੀ ਸਥਾਪਨਾ।
- ਆਨੁਵੰਸ਼ਿਕ ਸੁਧਾਰ ਰਾਹੀਂ ਦੇਸ਼ ਵਿੱਚ ਸੂਰਾਂ ਦੀ ਆਬਾਦੀ ਦੀ ਪ੍ਰਤੀ ਜਾਨਵਰ ਉਤਪਾਦਕਤਾ ਵਿੱਚ ਵਾਧਾ ਕਰਨਾ।
- ਪੋਰਕ ਦੀ ਆਯਾਤ ਨਿਰਭਰਤਾ ਨੂੰ ਬਦਲਣਾ ਅਤੇ ਸੂਰ ਦੇ ਮਾਸ ਅਤੇ ਸੂਰ-ਮਾਸ ਦੇ ਉਤਪਾਦਾਂ ਦਾ ਨਿਰਯਾਤ ਸ਼ੁਰੂ ਕਰਨਾ।
- ਵਿਗਿਆਨਕ ਪਾਲਣ-ਪੋਸ਼ਣ ਦੇ ਅਭਿਆਸ, ਪੋਸ਼ਣ ਅਤੇ ਬਿਮਾਰੀਆਂ ਦੀ ਰੋਕਥਾਮ ਆਦਿ ਬਾਰੇ ਜਾਗਰੂਕਤਾ ਫੈਲਾਉਣਾ।

## ਸਕੀਮ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ

- ਨਿਜੀ ਵਿਅਕਤੀਆਂ, ਕਿਸਾਨ ਉਤਪਾਦਕ ਸੰਗਠਨਾਂ (ਐਫ ਪੀ ਓ), ਕਿਸਾਨ ਸਹਿਕਾਰੀ ਸੰਸਥਾਵਾਂ (ਐਫ ਸੀ ਓ), ਸੰਯੁਕਤ ਦੇਣਦਾਰੀ ਸਮੂਹਾਂ (ਜੇ ਐਲ ਜੀ), ਸਵੈ-ਸਹਾਇਤਾ ਸਮੂਹਾਂ (ਐਸ ਐਚ ਜੀ) ਅਤੇ ਸੈਕਸ਼ਨ 8 ਕੰਪਨੀਆਂ ਨੂੰ ਇੱਕ-ਮੁਸ਼ਤ ਪੂੰਜੀ ਸਬਸਿਡੀ ਰਾਹੀਂ ਉੱਦਮੀਆਂ ਦੀ ਸਿਰਜਣਾ।
- ਉੱਦਮੀ ਨੂੰ ਕੇਂਦਰ ਜਾਂ ਰਾਜ ਸਰਕਾਰ/ਵੈਟਰਨਰੀ ਯੂਨੀਵਰਸਿਟੀ ਜਾਂ ਉੱਚ ਜੈਨੇਟਿਕ ਯੋਗਤਾ ਵਾਲੇ ਸਥਾਨਕ ਕਿਸਾਨਾਂ ਤੋਂ ਘੱਟੋ-ਘੱਟ 100 ਸੂਰੀਆਂ ਅਤੇ 25 ਸੂਰਾਂ ਦੀ ਗਿਣਤੀ ਦੇ ਪ੍ਰਜਨਨ ਜਾਨਵਰਾਂ ਵਾਲੇ ਬਰੀਡਰ ਫਾਰਮ ਦੀ ਸਥਾਪਨਾ ਲਈ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ।
- ਕੇਂਦਰ ਸਰਕਾਰ ਪ੍ਰਾਜੈਕਟ ਦੀ ਲਾਗਤ ਲਈ 50% (30 ਲੱਖ ਰੁਪਏ ਤੱਕ) ਪੂੰਜੀ ਸਬਸਿਡੀ ਪ੍ਰਦਾਨ ਕਰਦੀ ਹੈ। ਮਾਲੀ ਮਦਦ ਜਾਨਵਰਾਂ ਦੀ ਰਿਹਾਇਸ਼ ਅਤੇ ਪ੍ਰਜਨਣ ਦੇ ਨਾਲ-ਨਾਲ ਆਵਾਜਾਈ, ਬੀਮਾ ਅਤੇ ਸਾਜ਼ੋ-ਸਾਮਾਨ/ਮਸ਼ੀਨਾਂ ਦੀ ਲਾਗਤ ਲਈ ਪ੍ਰਦਾਨ ਕੀਤਾ ਜਾਂਦਾ ਹੈ।
- ਉੱਦਮੀਆਂ/ਯੋਗ ਸੰਸਥਾਵਾਂ ਨੂੰ ਬੈਂਕ ਕਰਜ਼ੇ ਜਾਂ ਵਿੱਤੀ ਸੰਸਥਾ ਜਾਂ ਸਵੈ-ਵਿੱਤ ਰਾਹੀਂ ਬਾਕੀ ਰਕਮ ਦਾ ਪ੍ਰਬੰਧ ਕਰਨਾ ਹੋਵੇਗਾ।

## ਸਹਾਇਤਾ ਦੀ ਸ਼ੈਲੀ

- ਦੋ ਕਿਸ਼ਤਾਂ ਵਿੱਚ ਕੁੱਲ 50% ਪੂੰਜੀ ਸਬਸਿਡੀ (30 ਲੱਖ ਰੁਪਏ ਤੱਕ ਸੀਮਤ)। ਸਬਸਿਡੀ ਦੋ ਬਰਾਬਰ ਕਿਸ਼ਤਾਂ ਵਿੱਚ ਦਿੱਤੀ ਜਾਂਦੀ ਹੈ।

- ਪਹਿਲੀ ਕਿਸ਼ਤ ਅਨੁਸੂਚਿਤ ਬੈਂਕ ਜਾਂ ਵਿੱਤੀ ਸੰਸਥਾਵਾਂ ਜਿਵੇਂ ਕਿ ਰਾਸ਼ਟਰੀ ਸਹਿਕਾਰੀ ਵਿਕਾਸ ਨਿਗਮ (ਐਨ ਸੀ ਡੀ ਸੀ) ਰਾਹੀਂ ਭਾਰਤੀ ਛੋਟੇ ਉਦਯੋਗ ਵਿਕਾਸ ਬੈਂਕ (ਸਿਡਬੀ) ਨੂੰ ਜਾਰੀ ਕੀਤੀ ਜਾਂਦੀ ਹੈ, ਜਿਹੜੀ ਕਿ ਉੱਦਮੀ/ਯੋਗ ਸੰਸਥਾਵਾਂ ਦੇ ਖਾਤੇ ਵਿੱਚ ਜਮ੍ਹਾ ਕੀਤੀ ਜਾਂਦੀ ਹੈ। ਰਾਜ ਲਾਗੂਕਰਨ ਏਜੰਸੀ (ਐਸ ਆਈ ਏ) ਵੱਲੋਂ ਪੁਸ਼ਟੀ ਹੋਣ 'ਤੇ ਬੈਂਕ ਲਾਭਪਾਤਰੀ ਨੂੰ ਕਰਜ਼ੇ ਦੀ ਪਹਿਲੀ ਕਿਸ਼ਤ ਜਾਰੀ ਕਰਦਾ ਹੈ। ਲਾਭਪਾਤਰੀ ਪ੍ਰਾਜੈੱਕਟ ਦੇ ਮੁਕੰਮਲ ਹੋਣ 'ਤੇ ਐਸ ਆਈ ਏ ਰਾਹੀਂ ਪ੍ਰਮਾਣਿਤ ਹੋਣ ਤੋਂ ਬਾਅਦ ਸਿਡਬੀ ਵੱਲੋਂ ਦੂਜੀ ਕਿਸ਼ਤ ਜਾਰੀ ਕਰਨ ਦੇ ਯੋਗ ਹੋਣਗੇ।
- ਸਵੈ-ਵਿੱਤੀ ਪ੍ਰਾਜੈੱਕਟ ਦੇ ਲਈ ਪ੍ਰਾਜੈੱਕਟ ਦਾ ਬੈਂਕ ਵੱਲੋਂ ਮੁਲਾਂਕਣ ਕਰਨ ਦੀ ਲੋੜ ਹੁੰਦੀ ਹੈ ਜਿੱਥੇ ਉੱਦਮੀ/ਯੋਗ ਇਕਾਈ ਦਾ ਖਾਤਾ ਹੈ। 50% ਸਬਸਿਡੀ ਦੀ ਪਹਿਲੀ ਕਿਸ਼ਤ ਸਿਡਬੀ ਰਾਹੀਂ ਉਧਾਰ ਦੇਣ ਵਾਲੇ ਬੈਂਕ ਵਿੱਚ ਪ੍ਰਦਾਨ ਕੀਤੀ ਜਾਂਦੀ ਹੈ ਜਿੱਥੇ ਲਾਭਪਾਤਰੀ ਦਾ ਖਾਤਾ ਹੁੰਦਾ ਹੈ।
- ਸਬਸਿਡੀ ਉਦੋਂ ਹੀ ਜਾਰੀ ਕੀਤੀ ਜਾਂਦੀ ਹੈ ਜਦੋਂ ਐਸ ਆਈ ਏ ਵੱਲੋਂ ਤਸਦੀਕ ਕੀਤਾ ਜਾਂਦਾ ਹੈ ਕਿ ਲਾਭਪਾਤਰੀ ਨੇ ਬੁਨਿਆਦੀ ਢਾਂਚੇ ਲਈ ਪ੍ਰਾਜੈੱਕਟ ਲਈ 25% ਲਾਗਤ ਦਾ ਖਰਚ ਕੀਤਾ ਹੈ। 50% ਸਬਸਿਡੀ ਦੀ ਬਾਕੀ ਰਕਮ ਸਿਡਬੀ ਵੱਲੋਂ ਪ੍ਰਾਜੈੱਕਟ ਦੇ ਮੁਕੰਮਲ ਹੋਣ ਅਤੇ ਐਸ ਆਈ ਏ ਰਾਹੀਂ ਤਸਦੀਕ ਕਰਨ ਤੋਂ ਬਾਅਦ ਪ੍ਰਦਾਨ ਕੀਤੀ ਜਾਵੇਗੀ।
- ਸਵੈ-ਵਿੱਤੀ ਮੋਡ ਵਿੱਚ ਉੱਦਮਤਾ ਪ੍ਰਾਜੈੱਕਟ ਦੇ ਤਹਿਤ ਲਾਭ ਲੈਣ ਵਿੱਚ ਦਿਲਚਸਪੀ ਰੱਖਣ ਵਾਲੇ ਉੱਦਮੀ/ਯੋਗ ਸੰਸਥਾਵਾਂ ਨੂੰ ਸਬਸਿਡੀ ਤੋਂ ਇਲਾਵਾ ਪ੍ਰਾਜੈੱਕਟ ਦੀ ਬਾਕੀ ਲਾਗਤ ਲਈ ਤਿੰਨ ਸਾਲਾਂ ਵਾਸਤੇ ਵੈਧ ਅਨੁਸੂਚਿਤ ਬੈਂਕ ਤੋਂ ਬੈਂਕ ਗਾਰੰਟੀ ਪ੍ਰਦਾਨ ਕਰਨ ਦੀ ਲੋੜ ਹੁੰਦੀ ਹੈ। ਇਹ ਬੈਂਕ ਗਾਰੰਟੀ ਭਾਰਤ ਸਰਕਾਰ ਦੇ ਪਸ਼ੂ ਪਾਲਣ ਅਤੇ ਡੇਅਰੀ ਵਿਭਾਗ ਦੇ ਨਾਮ 'ਤੇ ਪ੍ਰਦਾਨ ਕੀਤੀ ਜਾਂਦੀ ਹੈ।
- ਅਸਲ ਬੈਂਕ ਗਾਰੰਟੀ ਐਸ ਆਈ ਏ ਦੀ ਸੁਰੱਖਿਅਤ ਹਿਰਾਸਤ ਵਿੱਚ ਰੱਖੀ ਜਾਂਦੀ ਹੈ। ਨਾਲ ਹੀ, ਬੈਂਕ ਗਾਰੰਟੀ ਦੀ ਇੱਕ ਕਾਪੀ ਅਤੇ ਘੋਸ਼ਣਾ ਫਾਰਮ ਨੂੰ ਬਿਨੈ-ਪੱਤਰ ਜਮ੍ਹਾ ਕਰਨ 'ਤੇ ਔਨਲਾਈਨ ਪੋਰਟਲ ਵਿੱਚ ਅਪਲੋਡ ਕਰਨ ਜਾਂ ਅਰਜ਼ੀ ਦੇ ਨਾਲ ਨੱਥੀ ਕੀਤੇ ਜਾਣ ਦੀ ਲੋੜ ਹੈ।

- ਕਾਰਜਕਾਰੀ ਪੂੰਜੀ, ਨਿੱਜੀ ਵਾਹਨ, ਜ਼ਮੀਨ ਦੀ ਖਰੀਦ, ਕਿਰਾਏ ਦੀ ਕੀਮਤ ਅਤੇ ਜ਼ਮੀਨ ਦੀ ਲੀਜ਼ ਲਈ ਕੋਈ ਸਬਸਿਡੀ ਨਹੀਂ ਦਿੱਤੀ ਜਾਂਦੀ ਹੈ।

## ਯੋਗ ਸੰਸਥਾਵਾਂ

ਨਿਜੀ ਵਿਅਕਤੀ, ਕਿਸਾਨ ਉਤਪਾਦਕ ਸੰਸਥਾਵਾਂ (ਐਫ ਪੀ ਓ), ਕਿਸਾਨ ਸਹਿਕਾਰੀ ਸੰਸਥਾਵਾਂ (ਐਫ ਸੀ ਓ), ਸੰਯੁਕਤ ਦੇਣਦਾਰੀ ਸਮੂਹ (ਜੇ ਐਲ ਜੀ), ਸਵੈ-ਸਹਾਇਤਾ ਸਮੂਹ (ਐਸ ਐਚ ਜੀ) ਅਤੇ ਸੈਕਸ਼ਨ 8 ਕੰਪਨੀਆਂ।

## ਪ੍ਰਾਜੈੱਕਟ ਦੀ ਨਿਗਰਾਨੀ

ਐਸ ਆਈ ਐ ਇਸਦੇ ਸੰਚਾਲਨ ਦੇ ਸਬੰਧ ਵਿੱਚ ਪੂਰਾ ਹੋਣ ਤੋਂ ਬਾਅਦ ਦੋ ਸਾਲਾਂ ਦੀ ਮਿਆਦ ਲਈ ਪ੍ਰਾਜੈੱਕਟ ਦੀ ਨਿਗਰਾਨੀ ਕਰੇਗੀ।

ਸਕੀਮ ਬਾਰੇ ਪੂਰੀ ਜਾਣਕਾਰੀ ਵੈੱਬਸਾਈਟ https://nlm.udyamimitra.in 'ਤੇ ਉਪਲਬਧ ਹੈ।